# Unveiling of The Logo, Theme and Website of India's G20 Presidency

November 08, 2022

……………………

## ਭਾਰਤ ਦੀ G-20 ਪ੍ਰਧਾਨਗੀ ਦੇ ਲੋਗੋ, ਥੀਮ ਅਤੇ ਵੈੱਬਸਾਈਟ ਦਾ ਉਦਘਾਟਨ

## 8 ਨਵੰਬਰ, 2022

ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਨੇ ਅੱਜ ਭਾਰਤ ਦੀ G-20 ਪ੍ਰਧਾਨਗੀ  ਦੇ ਲੋਗੋ, ਥੀਮ ਅਤੇ ਵੈੱਬਸਾਈਟ ਦਾ ਉਦਘਾਟਨ ਕੀਤਾ।

ਪ੍ਰਧਾਨ ਮੰਤਰੀ ਦੁਆਰਾ ਵਰਚੁਅਲ ਮੋਡ ਵਿੱਚ ਜਾਰੀ ਕੀਤੇ ਗਏ ਲੋਗੋ ਅਤੇ ਥੀਮ ਹੇਠਾਂ ਦਿੱਤੇ ਅਨੁਸਾਰ ਹਨ:

ਲੋਗੋ ਅਤੇ ਥੀਮ ਦੀ ਵਿਆਖਿਆ

G20 ਲੋਗੋ ਭਾਰਤ ਦੇ ਰਾਸ਼ਟਰੀ ਝੰਡੇ ਦੇ ਜੀਵੰਤ ਰੰਗਾਂ - ਭਗਵਾ, ਚਿੱਟੇ ਅਤੇ ਹਰੇ ਅਤੇ ਨੀਲੇ ਤੋਂ ਪ੍ਰੇਰਿਤ ਹੈ। ਇਸ ਲੋਗੋ ਵਿਚ ਗ੍ਰਹਿ ਧਰਤੀ ਨੂੰ ਕਮਲ ਦੇ ਨਾਲ ਰੱਖਿਆ ਗਿਆ ਹੈ, ਭਾਰਤ ਦਾ ਰਾਸ਼ਟਰੀ ਫੁੱਲ ਕਮਲ ਚੁਣੌਤੀਆਂ ਦੇ ਵਿਚ ਰਹਿੰਦੇ ਹੋਏ ਵਿਕਾਸ ਕਰਨ ਦਾ ਪ੍ਰਤੀਕ ਹੈ। ਧਰਤੀ ਜੀਵਨ ਪ੍ਰਤੀ ਭਾਰਤ ਦੀ ਗ੍ਰਹਿ-ਪੱਖੀ ਸੋਚ ਯਾਨੀ ਕੁਦਰਤ ਨਾਲ ਸੰਪੂਰਨ ਇਕਸੁਰਤਾ ਵਿੱਚ ਰਹਿਣ ਦੀ ਸੋਚ ਦਰਸਾਉਂਦੀ ਹੈ। G20 ਲੋਗੋ ਦੇ ਹੇਠਾਂ ਦੇਵਨਾਗਰੀ ਲਿਪੀ ਵਿੱਚ "ਭਾਰਤ" ਲਿਖਿਆ ਗਿਆ ਹੈ।

ਇਹ ਲੋਗੋ ਡਿਜ਼ਾਈਨ ਚੁਨਣ ਲਈ ਹੋਏ ਖੁੱਲ੍ਹੇ ਮੁਕਾਬਲੇ ਵਿਚ ਪ੍ਰਾਪਤ ਹੋਈਆਂ ਵੱਖ-ਵੱਖ ਐਂਟਰੀਆਂ ਵਿੱਚ ਸ਼ਾਮਲ ਤੱਤਾਂ ਦੇ ਆਧਾਰ 'ਤੇ ਬਣਾਇਆ ਗਿਆ ਹੈ| MyGov ਪੋਰਟਲ 'ਤੇ ਹੋਏ  ਮੁਕਾਬਲੇ ਨੂੰ 2000 ਤੋਂ ਵੱਧ ਐਂਟਰੀਆਂ ਨਾਲ ਉਤਸ਼ਾਹਪੂਰਨ ਹੁੰਗਾਰਾ ਮਿਲਿਆ| ਇਹ ਭਾਰਤ ਦੀ **G-20** ਪ੍ਰਧਾਨਗੀ ਦੌਰਾਨ ਪ੍ਰਧਾਨ ਮੰਤਰੀ ਦੇ ਜਨ ਭਾਗੀਦਾਰੀ ਦੇ ਦ੍ਰਿਸ਼ਟੀਕੋਣ ਨਾਲ ਮੇਲ ਖਾਂਦਾ ਹੈ|

ਭਾਰਤ ਦੀ G20 ਪ੍ਰਧਾਨਗੀ ਦਾ ਵਿਸ਼ਾ - "ਵਸੁਧੈਵ ਕੁਟੁੰਬਕਮ" ਜਾਂ "ਇੱਕ ਧਰਤੀ ਇੱਕ ਪਰਿਵਾਰ ਇੱਕ ਭਵਿੱਖ" - ਮਹਾਂ ਉਪਨਿਸ਼ਦ ਦੇ ਪ੍ਰਾਚੀਨ ਸੰਸਕ੍ਰਿਤ ਸ਼ਲੋਕ ਤੋਂ ਲਿਆ ਗਿਆ ਹੈ| ਪ੍ਰਤੱਖ ਤੌਰ 'ਤੇ ਇਹ ਵਿਸ਼ਾ ਸਾਰੇ ਜੀਵਨ ਯਾਨੀ ਮਨੁੱਖ, ਜਾਨਵਰ, ਪੌਦੇ, ਅਤੇ ਸੂਖਮ ਜੀਵਾਣੂਆਂ ਦੀ ਕੀਮਤ ਅਤੇ ਧਰਤੀ ਅਤੇ ਵਿਆਪਕ ਬ੍ਰਹਿਮੰਡ ਵਿੱਚ ਉਹਨਾਂ ਦੇ ਆਪਸ ਵਿੱਚ ਜੁੜੇ ਹੋਣ ਦੀ ਦੀ ਤਸਦੀਕ ਕਰਦਾ ਹੈ|

ਇਹ ਵਿਸ਼ਾ LiFE (Lifestyle for Environment) ਅਤੇ ਇਸ ਨਾਲ ਜੁੜੇ ਵਿਅਕਤੀਗਤ ਜੀਵਨਸ਼ੈਲੀ ਅਤੇ ਰਾਸ਼ਟਰੀ ਵਿਕਾਸ ਨਾਲ ਸਬੰਧਿਤ ਵਾਤਾਵਰਣ ਲਈ ਟਿਕਾਊ ਅਤੇ ਜ਼ਿੰਮੇਵਾਰ ਵਿਕਲਪਾਂ ਤੇ ਵੀ ਚਾਨਣਾ ਪਾਉਂਦਾ ਹੈ, ਜਿਸ ਨਾਲ ਵਿਸ਼ਵ ਪੱਧਰ 'ਤੇ ਪਰਿਵਰਤਨਸ਼ੀਲ ਕੰਮ ਹੁੰਦੇ ਹਨ, ਜਿਸ ਦੇ ਨਤੀਜੇ ਵਜੋਂ ਸਾਫ਼, ਹਰਿਆਲੀ ਭਰਿਆ ਅਤੇ ਨੀਲਾ ਭਵਿੱਖ ਜਨਮ ਲੈਂਦਾ ਹੈ|

ਇਹ ਲੋਗੋ ਅਤੇ ਵਿਸ਼ਾ ਇਨ੍ਹਾਂ ਔਖੇ ਹਾਲਾਤ ਵਿਚ ਲੰਘਦੇ ਹੋਏ ਟਿਕਾਊ, ਸੰਪੂਰਨ, ਜ਼ਿੰਮੇਵਾਰ ਅਤੇ ਸਮਾਵੇਸ਼ੀ ਢੰਗ ਨਾਲ ਵਿਸ਼ਵ ਵਿੱਚ ਸਾਰਿਆਂ ਲਈ ਨਿਆਂਪੂਰਨ ਅਤੇ ਨਿਆਂਪੂਰਨ ਵਿਕਾਸ ਲਈ ਯਤਨਸ਼ੀਲ ਭਾਰਤ ਦੀ G -20 ਦੀ ਪ੍ਰਧਾਨਗੀ ਦਾ ਮਜ਼ਬੂਤ ਸੰਦੇਸ਼ ਦਿੰਦਾ ਹੈ. ਇਹ ਦੋਵੇਂ ਸਾਡੀ **G-20** ਪ੍ਰਧਾਨਗੀ ਦਾ ਆਲੇ-ਦੁਆਲੇ ਨਾਲ ਇਕਸੁਰਤਾ ਵਿੱਚ ਰਹਿਣ ਦਾ   ਵਿਲੱਖਣ ਭਾਰਤੀ ਨਜ਼ਰੀਆ ਦਰਸਾਉਂਦੇ ਹਨ|

ਭਾਰਤ ਲਈ G20 ਪ੍ਰਧਾਨਗੀ "ਅੰਮ੍ਰਿਤਕਾਲ" ਦੀ ਸ਼ੁਰੂਆਤ ਵੀ ਦਰਸਾਉਂਦੀ ਹੈ, ਜੋ 15 ਅਗਸਤ 2022 ਨੂੰ ਆਜ਼ਾਦੀ ਦੀ 75ਵੀਂ ਵਰ੍ਹੇਗੰਢ ਤੋਂ ਸ਼ੁਰੂ ਹੋਕੇ 25 ਸਾਲ ਆਜ਼ਾਦੀ ਦੀ ਸ਼ਤਾਬਦੀ ਤੱਕ ਚੱਲੇਗਾ, ਤਾਂ ਜੋ ਭਵਿੱਖਮੁਖੀ, ਖੁਸ਼ਹਾਲ, ਸਮਾਵੇਸ਼ੀ ਅਤੇ ਵਿਕਸਤ ਸਮਾਜ ਬਣ ਸਕੇ, ਜਿਸਦੇ ਮੂਲ ਵਿੱਚ ਵਿਲੱਖਣ ਮਨੁੱਖ-ਕੇਂਦ੍ਰਿਤ ਨਜ਼ਰੀਆ ਹੈ|

G20 ਵੈੱਬਸਾਈਟ

ਪ੍ਰਧਾਨ ਮੰਤਰੀ ਨੇ ਭਾਰਤ ਦੀ ਜੀ-20 ਪ੍ਰਧਾਨਗੀ ਦਾ ਵੈੱਬਸਾਈਟ www.g20.in ਵੀ ਲਾਂਚ ਕੀਤਾ ਗਿਆ| ਇਹ ਵੈੱਬਸਾਈਟ 1 ਦਸੰਬਰ, 2022 ਨੂੰ **G-20** ਪ੍ਰਧਾਨਗੀ ਦੀ ਵੈੱਬਸਾਈਟ www.g20.org 'ਤੇ ਆਸਾਨੀ ਨਾਲ ਮਾਈਗ੍ਰੇਟ ਹੋ ਜਾਵੇਗੀ, ਜਿਸ ਦਿਨ ਭਾਰਤ G20 ਪ੍ਰਧਾਨਗੀ ਸੰਭਾਲੇਗਾ| G20 ਅਤੇ ਲੌਜਿਸਟਿਕ ਪ੍ਰਬੰਧਾਂ ਬਾਰੇ ਅਸਲ ਜਾਣਕਾਰੀ ਤੋਂ ਛੁੱਟ ਇਸ ਵੈਬਸਾਈਟ ਨੂੰ G20 'ਤੇ ਜਾਣਕਾਰੀ ਦੇ ਭੰਡਾਰ ਵਜੋਂ ਵਰਤਿਆ ਜਾਵੇਗਾ| ਵੈੱਬਸਾਈਟ ਵਿੱਚ ਨਾਗਰਿਕਾਂ ਵੱਲੋਂ ਦਿੱਤੇ ਜਾਣ ਵਾਲੇ ਸੁਝਾਅ ਦੇਣ ਲਈ ਇੱਕ ਸੈਕਸ਼ਨ ਸ਼ਾਮਲ ਕੀਤਾ ਗਿਆ ਹੈ|

G20 ਐਪ

ਵੈੱਬਸਾਈਟ ਤੋਂ ਛੁੱਟ ਮੋਬਾਈਲ ਐਪ "G20 India" ਨੂੰ ਐਂਡਰਾਇਡ ਅਤੇ iOS, ਦੋਵਾਂ ਪਲੇਟਫਾਰਮਾਂ 'ਤੇ ਲਾਂਚ ਕੀਤਾ ਗਿਆ ਹੈ।

ਨਵੀਂ ਦਿੱਲੀ

8 ਨਵੰਬਰ, 2022

DISCLAIMER: This is an approximate translation. The original is available in English on MEA's website and may be referred to as the official press release.